2025-55447

ਡੀ-1

# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)
ਫੋਨ ਨੰ: 0172-2210019
E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ/ਜੀ.ਐਮ/2025/ 97085
ਮਿਤੀ: 09/04/2025

ਵਿਸ਼ਾ: ਸਕੂਲੀ ਬੱਚਿਆਂ ਵਿੱਚ ਕੰਨਾਂ ਦੀ ਸਮੱਸਿਆਵਾਂ ਨੂੰ ਦੂਰ ਕਰਨ ਸਬੰਧੀ- ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਮਿਤੀ 13/03/2025 ਨੂੰ ਨਿਮਨਹਸਤਾਖਰ ਵੱਲੋਂ ਸਿਹਤ ਵਿਭਾਗ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਉਹਨਾਂ ਵੱਲੋਂ ਧਿਆਨ ਵਿੱਚ ਲਿਆਂਦਾ ਹੈ ਕਿ ਬੱਚਿਆਂ ਵਿੱਚ ਕੰਨਾਂ ਦੀਆਂ ਸਮੱਸਿਆਵਾਂ ਜਿਵੇਂ ਕਿ ਕੰਨਾਂ ਦੀ ਲਾਗ, ਕੰਨਾਂ ਤੋਂ ਪਾਣੀ ਨਿਕਲਣਾ ਨਾਲ ਸੁਣਨ ਸ਼ਕਤੀ ਦਾ ਘੱਟ ਹੋਣਾ ਆਦਿ ਤੇਜ਼ੀ ਨਾਲ ਵੱਧ ਰਹੀਆਂ ਹਨ, ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨਾ ਜਰੂਰੀ ਹੈ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲੀ ਵਿਦਿਆਰਥੀਆਂ ਵਿੱਚ ਕੰਨਾਂ ਦੀਆਂ ਸਮੱਸਿਆਵਾਂ ਦਾ ਪਤਾ ਲਗਾਉਣ ਲਈ ਹੇਠ ਲਿਖੇ ਲੱਛਣਾਂ ਦੀ ਜਾਂਚ ਕਰਨ ਹਿੱਤ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ:-

<u>ਵਿਜ਼ੂਅਲ ਨਿਰੀਖਣ:-</u>

ਕੰਨ ਦੇ ਆਲੇ-ਦੁਆਲੇ ਦਿਖਾਈ ਦੇਣ ਵਾਲੇ ਡਿਸਚਾਰਜ, ਲਾਲੀ ਜਾਂ ਸੋਜ ਦੀ ਜਾਂਚ ਕਰੋ।

<u>ਵਿਵਹਾਰ ਸੰਬੰਧੀ ਸੰਕੇਤ:-</u>

ਵਿਦਿਆਰਥੀ ਅਕਸਰ ਆਪਣੇ ਕੰਨ ਛੂੰਹਦਾ ਹੈ, ਕੰਨ ਦਰਦ ਜਾਂ ਚਿੜਚਿੜਾ ਜਾਂ ਧਿਆਨ ਭਟਕਾਉਂਦਾ ਦਿਖਾਈ ਦਿੰਦਾ ਹੈ।

<u>ਬੋਲੀ ਅਤੇ ਸੰਚਾਰ ਤੋਂ ਪਤਾ ਲਗਾਉਣਾ:-</u>

ਜੇਕਰ ਕੋਈ ਵਿਦਿਆਰਥੀ ਅਕਸਰ ਦੁਹਰਾਉਣ ਲਈ ਕਹਿੰਦਾ ਹੈ, ਹਦਾਇਤਾਂ ਨੂੰ ਗਲਤ ਸਮਝਦਾ ਹੈ ਜਾਂ ਅਣਉਚਿਤ ਢੰਗ ਨਾਲ ਜਵਾਬ ਦਿੰਦਾ ਹੈ।

ਇਸ ਤੋਂ ਇਲਾਵਾ ਇਨ੍ਹਾਂ ਸਮੱਸਿਆਵਾਂ ਦੀ ਰੋਕਥਾਮ ਸਬੰਧੀ ਵਿਦਿਆਰਥੀਆਂ ਨੂੰ ਕੰਨਾਂ ਵਿੱਚ ਤਿੱਖੀਆਂ ਵਸਤੂਆਂ ਦੀ ਵਰਤੋਂ ਤੋਂ ਬਚਣਾ, ਸਫਾਈ ਬਣਾਈ ਰੱਖਣਾ, ਸਿਹਤ ਭਾਸ਼ਣਾਂ, ਪੋਸਟਰਾਂ, ਸਕੂਲ ਅਸੈਂਬਲੀਆਂ ਅਤੇ ਇੰਟਰਐਕਟਿਵ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾਵੇ।

ਜੇਕਰ ਕਿਸੇ ਵਿਦਿਆਰਥੀ ਵਿੱਚ ਅਜਿਹੇ ਲੱਛਣ ਹੋਣ ਤਾਂ ਇਨ੍ਹਾਂ ਸਮੱਸਿਆਂ ਨੂੰ ਦੂਰ ਕਰਨ ਹਿੱਤ ਨੇੜਲੇ ਸਿਹਤ ਕੇਂਦਰ ਨਾਲ ਤਾਲਮੇਲ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਵਿੱਚ ਕੰਨਾਂ ਆਦਿ ਦੇ ਰੋਗਾਂ ਦਾ ਇਲਾਜ ਅਤੇ ਰੋਕਥਾਮ ਕੀਤੀ ਜਾ ਸਕੇ।

ਜਨਰਲ ਮੈਨੇਜਰ

Scanned with OKEN Scanner

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1435 ਮਿਤੀ 15/04/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲ ਕਰਨੀ ਯਕੀਨੀ ਬਣਾਈ ਜਾਵੇ ।

15/4/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with OKEN Scanner